755
1/10/19
ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
Directorate, Local Government, Punjab
ਪੰਜਾਬ ਮਿਉਂਸਪਲ ਭਵਨ, ਪਲਾਟ ਨੰ: 3, ਸੈਕਟਰ-35-ਏ, ਚੰਡੀਗੜ੍ਹ
(ਟਾਊਨ ਪਲੈਨਿੰਗ ਵਿੰਗ)

ਨੰ: ਸੀ.ਟੀ.ਪੀ.(ਸਸ)-2019/3030

ਫੋਨ ਨੰ: 0172-2619214
ਈ-ਮੇਲ:- tpw.lg.pb@gmail.com

ਮਿਤੀ: 30-9-2019

ATP

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਜੀਰਕਪੁਰ।

ਵਿਸ਼ਾ:- ਗਰੀਨ ਹੋਮਜ ਬਿਲਡਰਸ, ਦਿਆਲਪੁਰਾ ਅਤੇ ਨਾਭਾ ਦੀ ਹੱਦਬਸਤ ਨੰ: 289 ਅਤੇ 290 ਵਿਖੇ 30 ਬਿਘੇ 8 ਬਿਸਵੇ ਰਕਬੇ ਦੀ ਟੀ.ਪੀ. ਸਕੀਮ ਦੇ ਲੇ-ਆਊਟ ਪਲੈਨ ਦੀ ਤਕਨੀਕੀ ਪ੍ਰਵਾਨਗੀ ਦੇਣ ਸਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ: 2313 ਮਿਤੀ 10.09.2019 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਹੀ ਆਪ ਵੱਲੋਂ ਨਗਰ ਕੌਂਸਲ, ਜੀਰਕਪੁਰ ਦੀ ਹਦੂਦ ਅੰਦਰ ਪਿੰਡ ਦਿਆਲਪੁਰਾ ਅਤੇ ਨਾਭਾ ਦੀ ਹੱਦਬਸਤ ਨੰ: 289 ਅਤੇ 290 ਵਿਖੇ 30 ਬਿਘੇ 8 ਬਿਸਵੇ ਰਕਬੇ ਦੀ ਰਿਹਾਇਸ਼ੀ ਟੀ.ਪੀ. ਸਕੀਮ ਦੇ ਲੇ-ਆਊਟ ਪਲੈਨ ਡਰਾਇੰਗ ਨੰ: MCZ-ZRK-2312/BB ਮਿਤੀ 10.09.2019 ਦੀ ਤਜਵੀਜ ਨੂੰ ਘੋਖਿਆ ਗਿਆ। ਵਿਸ਼ੇ ਸਾਈਟ ਦੇ ਕੁੱਲ 30 ਬਿਘੇ 8 ਬਿਸਵੇ 30400 ਵ:ਗਜ ਰਕਬੇ ਵਿੱਚੋਂ ਸਾਈਟ ਨੂੰ ਲੱਗਦੇ 6 ਕਰਮ (28'-6") ਚੌੜੇ ਰੈਵੀਨਿਊ ਰਸਤੇ ਨੂੰ ਜੀਰਕਪੁਰ ਸ਼ਹਿਰ ਦੇ ਮਾਸਟਰ ਪਲੈਨ ਦੇ ਉਪਬੰਧਾਂ ਅਨੁਸਾਰ 66'-8" ਚੌੜਾ ਕਰਨ ਲਈ ਮਾਸਟਰ ਪਲੈਨ ਰੋਡ ਵਾਈਡਨਿੰਗ ਅਧੀਨ ਆਉਂਦੇ 663.30 ਵ:ਗਜ ਰਕਬੇ ਨੂੰ ਛੱਡਣ ਉਪਰੰਤ ਨੈੱਟ 29736.70 ਵ:ਗਜ ਰਕਬਾ ਬੱਚਦਾ ਹੈ। ਰਿਹਾਇਸ਼ੀ ਟੀ.ਪੀ. ਸਕੀਮ ਦੇ 29736.70 ਵ:ਗਜ ਰਕਬੇ ਵਿੱਚੋਂ 19105.03 ਵ:ਗਜ (64.247%) ਰਕਬਾ ਵੇਚਣ ਯੋਗ ਅਤੇ ਬਾਕੀ 10631.67 ਵ:ਗਜ (35.753%) ਰਕਬਾ ਜਨਤਕ ਸੁਵਿਧਾਵਾਂ (ਨਾ ਵੇਚਣ ਯੋਗ) ਲਈ ਮਿਥਿਆ ਗਿਆ ਹੈ। ਵੇਚਣ ਯੋਗ ਕੁੱਲ 19105.03 ਵ:ਗਜ (64.247%) ਰਕਬੇ ਵਿੱਚੋਂ 18792.447 ਵ:ਗਜ (63.19%) ਰਕਬਾ ਰਿਹਾਇਸ਼ੀ ਪਲਾਟਾਂ ਅਧੀਨ, 312.583 ਵ:ਗਜ (1.05%) ਰਕਬਾ ਕਮਰਸ਼ੀਅਲ ਦੁਕਾਨਾਂ ਅਧੀਨ ਤਜਵੀਜ ਕੀਤਾ ਗਿਆ ਹੈ। ਜਿੱਥੋਂ ਤੱਕ ਵਿਸ਼ੇ ਅਧੀਨ ਰਿਹਾਇਸ਼ੀ ਟੀ.ਪੀ ਸਕੀਮ ਵਿੱਚ ਈ.ਡਬਲਿਊ.ਐਸ ਪਾਕਿਟ ਤਜਵੀਜ ਕਰਨ ਦਾ ਸਬੰਧ ਹੈ, ਬਾਰੇ ਆਪ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਰਿਪੋਰਟ ਕੀਤੀ ਗਈ ਹੈ ਕਿ ਕੰਪਨੀ ਵੱਲੋਂ ਈ.ਡਬਲਿਊ.ਐਸ ਦੇ ਬਣਦੇ 15 ਪ੍ਰਤੀਸ਼ਤ ਫੀਸ 34,50,000/- ਰੁਪਏ ਮਿਤੀ 06.09.2019 ਰਾਹੀਂ ਨਗਰ ਕੌਂਸਲ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੇ ਗਏ ਹਨ। ਨਾ ਵੇਚਣ ਯੋਗ ਕੁੱਲ 10631.67 ਵ:ਗਜ (35.753%) ਰਕਬੇ ਵਿਚੋਂ 8448.935 ਵ:ਗਜ (28.414%) ਰਕਬਾ ਸੜਕਾਂ ਅਧੀਨ, 1968.708 ਵ:ਗਜ (6.62%) ਰਕਬਾ ਪਾਰਕਾਂ ਅਧੀਨ ਅਤੇ 214.027 ਵ:ਗਜ (0.719%) ਰਕਬਾ ਆਫਿਸ ਅਧੀਨ ਤਜਵੀਜ ਕੀਤਾ ਗਿਆ ਹੈ। ਇਸ ਤਰ੍ਹਾਂ ਸੜਕਾਂ/ਪਾਰਕਾਂ ਮੰਤਵ ਦੀਆਂ ਸਾਂਝੀਆਂ ਥਾਵਾਂ ਅਧੀਨ ਛੱਡਿਆ ਗਿਆ ਰਕਬਾ ਨਾਰਮਜ ਅਨੁਸਾਰ ਲੋੜੀਂਦੇ ਘੱਟੋ ਘੱਟ 35% ਤੋਂ ਵੱਧ ਹੈ। ਆਪ ਵੱਲੋਂ ਭੇਜਿਆ ਗਿਆ ਲੇ-ਆਊਟ ਪਲੈਨ ਡਰਾਇੰਗ ਨੰ: MCZ-ZRK-2312/BB ਮਿਤੀ 10.09.2019 ਦੀ ਤਜਵੀਜ ਨਾਰਮਜ ਅਨੁਸਾਰ ਮੁੱਖ ਤੌਰ ਤੇ ਤਕਨੀਕੀ ਪੱਖੋਂ ਠੀਕ ਹੈ।

ਵਿਸ਼ੇ ਅਧੀਨ ਕਲੋਨੀ ਦੇ ਲੇ ਆਊਟ ਪਲੈਨ ਡਰਾਇੰਗ ਨੰ: MCZ-ZRK-2312/BB ਮਿਤੀ 10.09.2019 ਦੀ ਤਕਨੀਕੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਬਿਨੇਕਾਰ ਈ.ਡਬਲਿਊ.ਐਸ ਦੀਆਂ ਬਣਦੀਆਂ ਬਕਾਇਆ ਫੀਸਾਂ/ਚਾਰਜਿਜ ਈ.ਡਬਲਿਊ.ਐਸ ਦੀ ਪਾਲਿਸੀ ਮਿਤੀ 24.10.2016 ਦੇ ਉਪਬੰਧਾਂ ਅਨੁਸਾਰ ਨਿਯਤ ਸਡਿਊਲ ਮੁਤਾਬਿਕ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ, ਟੀ.ਪੀ ਸਕੀਮ ਸਹਿਤ ਸ਼ਡਿਊਲ ਆਫ ਕਲਾਜਿਜ਼ ਦੀ ਪਬਲੀਕੇਸ਼ਨ (ਦੋ ਨੈਸ਼ਨਲ ਰੀਜਨਲ ਅਖਬਾਰਾਂ ਵਿਚ ਲਗਾਤਾਰ ਦੋ ਹਫਤੇ) ਆਦਿ ਦਾ ਪੰਜਾਬ ਮਿਉਂਸਪਲ ਐਕਟ, 1911 ਅਧੀਨ ਲੋੜੀਂਦਾ ਲੀਗਲ ਪ੍ਰੋਸੀਜਰ ਪੂਰਾ ਕਰ ਲਿਆ ਜਾਵੇ ਅਤੇ ਰੂਲਾਂ ਅਨੁਸਾਰ ਸਕੀਮ ਦੀ ਪ੍ਰਵਾਨਗੀ ਸਬੰਧੀ ਅਗਲੇਰੀ ਲੋੜੀਂਦੀ ਕਾਰਵਾਈ ਕਰਕੇ ਸਕੀਮ ਸ਼ਡਿਊਲ ਆਫ ਕਲਾਜਿਜ਼ ਸਹਿਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾਵੇ, (ਸ਼ਡਿਊਲ ਆਫ ਕਲਾਜਿਜ਼ ਦਾ ਸਪੈਸੀਮਨ ਨਾਲ ਨੱਥੀ ਹੈ)।

ਸੀਨੀਅਰ ਨਗਰ ਯੋਜਨਾਕਾਰ